Series &RQPS

SET-4

Q.P. Code 4

Roll No. | | | | | | | | |

Candidates must write the Q.P. Code on the title page of the answer-book.

**ਨੋਟ**

(I) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਸ਼ਨ ਪੱਤਰ ਵਿੱਚ ਛਪ ਹੋਏ **7** ਪਨੇ ਹਨ।

(II) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਸ਼ਨ ਪੱਤਰ ਵਿਚ **12** ਪ੍ਸ਼ਨ ਹਨ।

(III) ਪ੍ਸ਼ਨ ਪੱਤਰ ਵਿੱਚ ਸੱਜੇ ਹੱਥ ਦੇ ਵੱਲ ਦਿੱਤੇ ਗਏ ਪ੍ਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪਨੇ ਉਪਰ ਲਿਖਣ।

(IV) **ਕਿਰਪਾ ਕਰਕੇ ਪ੍ਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ।**

(V) ਇਸ ਪ੍ਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ। ਪ੍ਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ। 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ।

**NOTE**

(I) Please check that this question paper contains **7** printed pages.

(II) Please check that this question paper contains **12** questions.

(III) Q.P. Code given on the right hand side of the question paper should be written on the title page of the answer-book by the candidate.

(IV) **Please write down the serial number of the question in the answer-book before attempting it.**

(V) 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਪੰਜਾਬੀ

# PUNJABI

*ਸਮਾਂ ਸੀਮਾ : 3 ਘੰਟੇ* | *ਪੂਰਨ ਅੰਕ : 80*

*Time allowed : 3 hours* | *Maximum Marks : 80*

***General Instructions :***

*Question paper is divided into 4 parts.*

*It has total 12 questions.*

***Part-I*** *: 1 Question no. 1*

***Part-II*** *: 2 Questions no. 2 to 3*

***Part-III*** *: 2 Questions no. 4 to 5*

***Part-IV*** *: 7 Questions no. 6 to 12*

*Attempt questions as per specific instructions.*

*Write question no. in answer book before attempting it.*

***ਸਧਾਰਨ ਨਿਰਦੇਸ਼ :***

*ਪ੍ਰਸ਼ਨ-ਪੱਤਰ ਵਿੱਚ ਚਾਰ ਭਾਗ ਹਨ ।*

*ਇਸ ਵਿੱਚ ਕੁੱਲ 12 ਪ੍ਰਸ਼ਨ ਹਨ ।*

***ਭਾਗ– I*** *: 1 ਪ੍ਰਸ਼ਨ ਨੰ. 1 ਤੋਂ 1 ਤੱਕ*

***ਭਾਗ–II*** *: 2 ਪ੍ਰਸ਼ਨ ਨੰ. 2 ਤੋਂ 3 ਤੱਕ*

***ਭਾਗ–III*** *: 2 ਪ੍ਰਸ਼ਨ ਨੰ. 4 ਤੋਂ 5 ਤੱਕ*

***ਭਾਗ–IV*** *: 7 ਪ੍ਰਸ਼ਨ ਨੰ. 6 ਤੋਂ 12 ਤੱਕ*

## ਭਾਗ–I : ਪੜ੍ਹਨ–ਕੌਸ਼ਲ (ਭਾਸ਼ਾ)

## PART–I : Reading Skills *8*

**1.** ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਚੁਣ ਕੇ ਲਿਖੋ : *8×1=8*

ਹੱਥੀਂ ਕਿਰਤ ਕਰਨ ਤੋਂ ਭਾਵ ਦਸਾਂ-ਨਹੁੰਆਂ ਦੀ ਕਮਾਈ ਕਰਨਾ ਹੈ । ਇਹ ਹੱਕ-ਹਲਾਲ ਦੀ ਕਮਾਈ ਤੇ ਈਮਾਨਦਾਰੀ ਨਾਲ ਕੀਤੀ ਹੋਈ ਘਾਲਣਾ ਹੈ । ਹੱਥੀਂ ਕਿਰਤ ਨਾਲ ਆਤਮਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ । ਹੱਕ-ਹਲਾਲ ਦੀ ਕਮਾਈ ਪੂਜਾ-ਪਾਠ ਦੇ ਬਰਾਬਰ ਹੁੰਦੀ ਹੈ । ਜ਼ਿੰਦਗੀ ਦੀ ਇਸ ਜਦੋ-ਜਹਿਦ ਵਿੱਚ ਕੇਵਲ ਉਹੀ ਇਨਸਾਨ ਕਾਮਯਾਬ ਹੁੰਦਾ ਹੈ ਜਿਹੜਾ ਆਪਣੀ ਹਿੰਮਤ ਅਤੇ ਮਿਹਨਤ ਨਾਲ ਆਪਣੇ ਰਸਤੇ ਵਿੱਚ ਆਉਣ ਵਾਲੀ ਹਰ ਰੁਕਾਵਟ ’ਤੇ ਕਾਬੂ ਪਾ ਲੈਂਦਾ ਹੈ । ਜ਼ਿੰਦਗੀ ਵਿੱਚ ਆਉਣ ਵਾਲੀਆਂ ਔਕੜਾਂ ਤੋਂ ਘਬਰਾਉਂਦਾ ਨਹੀਂ, ਸਗੋਂ ਖਿੜੇ ਮੱਥੇ ਉਹਨਾਂ ਨੂੰ ਪਾਰ ਕਰ ਲੈਂਦਾ ਹੈ । ਮਿਹਨਤ ਤੋਂ ਜੀ (ਮਨ) ਚੁਰਾਉਣ ਵਾਲਾ ਤੇ ਦੂਜਿਆਂ ’ਤੇ ਨਿਰਭਰ ਰਹਿਣ ਵਾਲਾ ਮਨੁੱਖ ਜ਼ਿੰਦਗੀ ਵਿੱਚ ਕਦੇ ਵੀ ਕਾਮਯਾਬ ਨਹੀਂ ਹੋ ਸਕਦਾ । ਸਿਆਣਿਆਂ ਦਾ ਕਹਿਣਾ ਹੈ ਕਿ ਦੂਜਿਆਂ ’ਤੇ ਆਸ ਰੱਖਣ ਵਾਲੇ ਲੋਕ ਹਮੇਸ਼ਾ ਢਹਿੰਦੀ ਕਲਾ ਵਿੱਚ ਰਹਿੰਦੇ ਹਨ । ਹਰੇਕ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਹੱਥੀਂ ਕਿਰਤ ਕਰਨ ਦੀ ਆਦਤ ਅਪਣਾ ਕੇ ਆਲਸ ਨੂੰ ਤਿਆਗੇ ਤਾਂ ਹੀ ਜ਼ਿੰਦਗੀ ਦਾ ਅਸਲੀ ਸੁੱਖ ਨਸੀਬ ਹੋ ਸਕਦਾ ਹੈ । ਦੂਜਿਆਂ ਦਾ ਆਸਰਾ ਤੱਕਣ ਵਾਲੇ ਹਮੇਸ਼ਾ ਪਛਤਾਉਂਦੇ ਨੇ ਤੇ ਉਦਮੀ ਹੀ ਸਫਲਤਾ ਦੀਆਂ ਬੁਲੰਦੀਆਂ ਨੂੰ ਛੂੰਹਦੇ ਹਨ । ਇੰਜ

ਜਿਹੜੇ ਲੋਕ ਨਿੱਕੀਆਂ-ਨਿੱਕੀਆਂ ਲੋੜਾਂ ਲਈ ਦੂਜਿਆਂ ਦਾ ਆਸਰਾ ਭਾਲਦੇ ਹਨ ਉਹ ਹਮੇਸ਼ਾ ਦੂਜਿਆਂ ਦੇ ਮੁਹਤਾਜ ਹੋ ਕੇ ਰਹਿ ਜਾਂਦੇ ਹਨ । ਜੋ ਸੁੱਖ, ਅਨੰਦ, ਖੁਸ਼ੀ, ਖੇੜਾ, ਪ੍ਰਸੰਨਤਾ ਅਤੇ ਸਕੂਨ ਹੱਥੀਂ ਕਿਰਤ ਕਰਕੇ, ਰੋਟੀ ਖਾਣ ਵਿਚੋਂ ਮਿਲਦਾ ਹੈ, ਉਹ ਵਿਹਲੜ ਰਹਿ ਕੇ ਖਾਣ ਵਿੱਚ ਕਦੇ ਵੀ ਨਹੀਂ ਮਿਲ ਸਕਦਾ । ਦੂਜਾ, ਆਪ ਕੀਤਾ ਹੋਇਆ ਕੰਮ ਵਧੀਆ, ਸਾਫ਼, ਬਿਨਾਂ ਕਿਸੇ ਕਮੀ ਤੋਂ ਤੇ ਸੰਪੂਰਨ ਹੋਵੇਗਾ । ਜਦਕਿ ਦੂਜਿਆਂ ਵੱਲੋਂ ਕਰਵਾਇਆ ਗਿਆ ਕੰਮ ਊਣਤਾਈਆਂ ਭਰਿਆ ਤੇ ਘਾਟੇ ਵਾਲਾ ਹੀ ਹੁੰਦਾ ਹੈ । ਇਸ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸ਼ੁਰੂ ਤੋਂ ਹੀ ਹੱਥੀਂ ਕੰਮ ਕਰਨ ਦੀ ਆਦਤ ਪਾਉਣ । ਇਸ ਨਾਲ ਸਰੀਰਕ ਅਤੇ ਮਾਨਸਿਕ ਸਕੂਨ ਮਿਲਦਾ ਹੈ ਤੇ ਤੰਦਰੁਸਤੀ ਵੀ ਰਹਿੰਦੀ ਹੈ । ਦੂਜਿਆਂ ਕੋਲੋਂ ਉਹੀ ਕੰਮ ਕਰਵਾਉ ਜਿਹੜਾ ਤੁਸੀਂ ਆਪ ਕਰਨ ਦੀ ਯੋਗਤਾ ਜਾਂ ਸਮਰੱਥਾ ਨਾ ਰੱਖਦੇ ਹੋਵੋ, ਬਾਕੀ ਕੰਮ ਆਪ ਕਰੋ । ਆਪ ਕੰਮ ਕਰਨ ਨਾਲ ਸ਼ਾਨ ਵੱਧਦੀ ਹੈ ।

(i) ਕਿਹੜੀ ਕਮਾਈ ਪੂਜਾ-ਪਾਠ ਦੇ ਬਰਾਬਰ ਹੁੰਦੀ ਹੈ ?

(A) ਹੱਕ-ਹਲਾਲ ਦੀ (B) ਦੂਜਿਆਂ ਦੀ

(C) ਪਰਾਏ ਹੱਕ ਦੀ (D) ਚੋਰੀ ਦੀ

(ii) ਜਿੰਦਗੀ ਦੀ ਜਦੋ-ਜਹਿਦ ਵਿੱਚ ਕਿਹੜਾ ਇਨਸਾਨ ਕਾਮਯਾਬ ਹੁੰਦਾ ਹੈ ?

(A) ਹਿੰਮਤ ਤੇ ਮਿਹਨਤ ਕਰਨ ਵਾਲਾ (B) ਆਲਸ ਕਰਨ ਵਾਲਾ

(C) ਦੂਜਿਆਂ 'ਤੇ ਨਿਰਭਰ ਕਰਨ ਵਾਲਾ (D) ਉਦਾਸ ਰਹਿਣ ਵਾਲਾ

(iii) ਦੂਜਿਆਂ ਤੇ ਆਸ ਰੱਖਣ ਵਾਲੇ ਲੋਕ ਕਿਵੇਂ ਰਹਿੰਦੇ ਹਨ ?

(A) ਚੜ੍ਹਦੀਆਂ ਕਲਾ ਵਿੱਚ (B) ਬੁਲੰਦੀਆਂ ਤੇ

(C) ਢਹਿੰਦੀਆਂ ਕਲਾ ਵਿੱਚ (D) ਔਕੜਾਂ ਵਿੱਚ

(iv) ਜਿੰਦਗੀ ਦਾ ਅਸਲੀ ਸੁੱਖ ਕਿਵੇਂ ਨਸੀਬ ਹੁੰਦਾ ਹੈ ?

(A) ਅਰਾਮ ਨਾਲ ਬਹਿ ਕੇ (B) ਹੱਥੀਂ ਕਿਰਤ ਕਰਕੇ

(C) ਆਲਸੀ ਬਣਕੇ (D) ਵਿਹਲੇ ਰਹਿ ਕੇ

(v) ਕਿਹੜੇ ਲੋਕ ਸਫਲਤਾ ਦੀਆਂ ਬੁਲੰਦੀਆਂ ਨੂੰ ਛੂੰਹਦੇ ਹਨ ?

(A) ਉਦਮੀ ਲੋਕ (B) ਆਲਸੀ ਲੋਕ

(C) ਵਿਹਲੜ ਲੋਕ (D) ਪੈਸੇ ਵਾਲੇ

(vi) ਜ਼ਿੰਦਗੀ ਵਿਚ ਆਉਣ ਵਾਲੀਆਂ ਔਕੜਾਂ ਨੂੰ ਕਿਵੇਂ ਪਾਰ ਕਰਨਾ ਚਾਹੀਦਾ ਹੈ ?

(A) ਉਦਾਸ ਰਹਿ ਕੇ (B) ਘਬਰਾ ਕੇ

(C) ਵਿਹਲੇ ਰਹਿ ਕੇ (D) ਖਿੜੇ ਮੱਥੇ

(vii) ਮਾਪਿਆਂ ਵੱਲੋਂ ਬੱਚਿਆਂ ਨੂੰ ਸ਼ੁਰੂ ਤੋਂ ਹੀ ਕਿਹੜੇ ਕੰਮ ਦੀ ਆਦਤ ਪਾਉਣੀ ਚਾਹੀਦੀ ਹੈ ?

(A) ਜਲਦੀ ਉੱਠਣ ਦੀ (B) ਹੱਥੀਂ ਕੰਮ ਕਰਨ ਦੀ

(C) ਸੱਚ ਬੋਲਣ ਦੀ (D) ਬਹਾਨੇ ਮਾਰਨ ਦੀ

(viii) ਉਪਰ ਦਿੱਤੇ ਗਏ ਪੈਰੇ ਦਾ ਸਿਰਲੇਖ ਹੈ :

(A) ਹੱਥੀਂ ਕਿਰਤ ਕਰਨਾ (B) ਭੈੜੀ ਆਦਤ

(C) ਹੁਕਮ ਚਲਾਉਣਾ (D) ਸੱਚੀ ਜ਼ਿੰਦਗੀ

## ਭਾਗ–II : ਪ੍ਰਭਾਵਸ਼ਾਲੀ ਲਿਖਣ-ਕੌਸ਼ਲ

## PART–II : Writing Skills *8+7=15*

**2.** ਤੁਸੀਂ ਕਿਸੇ ਮਿਲਕ-ਪਲਾਂਟ ਦੇ ਉਤਪਾਦ ਵੇਚਣ ਦਾ ਕਾਰੋਬਾਰ ਆਪਣੇ ਇਲਾਕੇ ਵਿੱਚ ਕਰਨਾ ਚਾਹੁੰਦੇ ਹੋ । ਇਸ ਬਾਰੇ ਉਸ ਮਿਲਕ-ਪਲਾਂਟ ਦੇ ਵੱਖ-ਵੱਖ ਉਤਪਾਦਾਂ ਦੀ ਜਾਣਕਾਰੀ ਲੈਣ ਲਈ ਮਿਲਕ-ਪਲਾਂਟ ਦੇ ਮੈਨੇਜਰ ਨੂੰ ਪੱਤਰ ਲਿਖੋ । *8*

**ਜਾਂ (OR)**

ਆਪਣੀ ਭੈਣ ਦੇ ਵਿਆਹ ਲਈ ਲੋੜੀਂਦੇ ਸਜਾਵਟ, ਪਿਰਚ-ਪਿਆਲੀਆਂ, ਸ਼ਾਮਿਆਨਾ ਤੇ ਬਹਿਰਾ-ਸੇਵਾ ਵਾਸਤੇ ਆਪਣੀ ਲੋੜ ਦੱਸਦੇ ਹੋਏ ਕਿਸੇ ਨੇੜੇ ਦੇ ਟੈਂਟ-ਹਾਊਸ ਨੂੰ ਪੱਤਰ ਲਿਖ ਕੇ ਅਨੁਮਾਨਿਤ ਖਰਚੇ ਦਾ ਵੇਰਵਾ ਮੰਗੋ ।

**3.** ਕਿਸੇ ***ਇੱਕ*** ਵਿਸ਼ੇ ’ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ-ਰਚਨਾ ਕਰੋ : *7*
ਉਦੇਸ਼ ਭਰਪੂਰ ਜ਼ਿੰਦਗੀ

**ਜਾਂ (OR)**

ਸਾਈਬਰ ਅਪਰਾਧ

## ਭਾਗ–III : ਵਿਹਾਰਕ ਵਿਆਕਰਨ

## PART–III : Grammar *3+10=13*

**4.** **ਵਾਕ-ਵਟਾਂਦਰਾ**

ਹੇਠ ਲਿਖੇ ਵਾਕਾਂ ਵਿਚੋਂ ਕਿਸੇ ***ਤਿੰਨ*** ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ : *3×1=3*

(i) ਸਮਝਦਾਰ ਬੱਚੇ ਮਾਪਿਆਂ ਦਾ ਕਹਿਣਾ ਮੰਨਦੇ ਹਨ । (ਮਿਸ਼ਰਤ ਵਾਕ ਬਣਾਉ)

(ii) ਤੁਹਾਡੀ ਸਿਆਣਪ ਨੂੰ ਸਭ ਜਾਣਦੇ ਹਨ । (ਪ੍ਰਸ਼ਨ ਵਾਚਕ ਵਾਕ ਬਣਾਉ)

(iii) ਭਲੇ ਲੋਕ ਕਿਸੇ ਦਾ ਬੁਰਾ ਨਹੀਂ ਸੋਚਦੇ । (ਹਾਂ-ਵਾਚਕ ਵਾਕ ਬਣਾਉ)

(iv) ਖਾਣਾ ਪਰੋਸ ਦਿੱਤਾ ਜਾਵੇ । (ਕਰਤਰੀ ਵਾਚ ਬਣਾਉ)

**5.** **ਅਖਾਣ/ਅਖਾਉਤਾਂ**

ਹੇਠ ਦਿੱਤੇ ਗਏ ਅਖਾਣਾਂ ਵਿਚੋਂ ਕਿਸੇ ***ਪੰਜ*** ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਉਹਨਾਂ ਦੀ ਸਥਿਤੀ ਸਪੱਸ਼ਟ ਹੋ ਜਾਵੇ : *5×2=10*

(i) ਅੱਗੇ ਸੱਪ ਤੇ ਪਿੱਛੇ ਸ਼ੀਂਹ

(ii) ਜਾਂ ਵਾਹ ਪਿਆ ਜਾਣੀਏ ਜਾਂ ਰਾਹ ਪਿਆ ਜਾਣੀਏ

(iii) ਖਰਬੂਜ਼ੇ ਨੂੰ ਵੇਖ ਕੇ ਖਰਬੂਜ਼ਾ ਰੰਗ ਫੜਦਾ ਹੈ

(iv) ਮਨ ਜੀਤੈ ਜਗੁ ਜੀਤੁ

(v) ਸਵੈ-ਭਰੋਸਾ ਵੱਡਾ ਤੋਸਾ

(vi) ਜੋ ਜਾਗਣ ਰਾਤੀਂ ਕਾਲੀਆਂ, ਸੋਈ ਖਾਣ ਸੁਖਾਲੀਆਂ

## ਭਾਗ-IV : ਸਾਹਿਤ (ਪਾਠ-ਪੁਸਤਕ ਆਧਾਰਿਤ ਪ੍ਰਸ਼ਨ)

## PART-IV : Text-Book Based Questions *8+4+6+5+8+5+8=44*

**ਕਵਿਤਾਵਾਂ ਵਿੱਚੋਂ :**

**6.** ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : *3+5=8*

ਇਸ ਜ਼ਰਖ਼ੇਜ਼ ਜ਼ਮੀਨ ਦੇ ਲੂੰ-ਲੂੰ ਫੁੱਟਿਆ ਜ਼ਹਿਰ
ਗਿੱਠ-ਗਿੱਠ ਚੜ੍ਹੀਆਂ ਲਾਲੀਆਂ, ਫੁੱਟ-ਫੁੱਟ ਚੜ੍ਹਿਆ ਕਹਿਰ ।
ਵਿਹੁ ਵਲਿੱਸੀ'ਵਾ ਫਿਰ ਵਣ-ਵਣ ਵੱਗੀ ਜਾ
ਓਹਨੇ ਹਰ ਇੱਕ ਵਾਂਸ ਦੀ ਵੰਝਲੀ ਦਿੱਤੀ ਨਾਗ ਬਣਾ ।

**ਜਾਂ (OR)**

ਹੋ ਗਿਆ ਕੁਵੇਲਾ ਮੈਨੂੰ, ਢਲ਼ ਗਈਆਂ ਛਾਂਵਾਂ ਨੀਂ
ਬੇਲਿਆਂ 'ਚੋਂ ਮੁੜ ਆਈਆਂ, ਮੱਝੀਆਂ ਤੇ ਗਾਵਾਂ ਨੀਂ
ਪਾਇਆ ਚਿੜੀਆਂ ਨੇ ਚੀਕ-ਚਿਹਾੜਾ
ਨੀਂ ਪੀੜਾਂ ਦਾ ਪਰਾਗਾ ਭੁੰਨ ਦੇ, ਭੱਠੀ ਵਾਲ਼ੀਏ ।

**7.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *4×1=4*

(i) ਗੁੰਬਦ ਦੇ ਆਂਡੇ ਨੂੰ ਕੀ ਹੋਇਆ ?

(A) ਪੀਲਾ ਪੈ ਗਿਆ (B) ਟੋਟੇ-ਟੋਟੇ ਹੋ ਗਿਆ

(C) ਤਿੜਕ ਗਿਆ (D) ਟੇਢਾ ਹੋ ਗਿਆ

(ii) ਪਿਤਾ-ਹੀਨ ਬੱਚੇ ਨੂੰ ਕੌਣ ਛੇਤੀ ਗੱਭਰੂ ਹੋਇਆ ਵੇਖਣਾ ਚਾਹੁੰਦੀ ਸੀ ?

(A) ਭੈਣ (B) ਚਾਚੀ

(C) ਸਾਥਣ (D) ਮਾਂ

(iii) 'ਕੁਦਰਤ ਦੀ ਦੇਵੀ' ਨੇ ਹੁਸਨ ਮੰਡਲ ਵਿਚੋਂ ਕੀ ਭਰਿਆ ?

(A) ਮੁੱਠੀ (B) ਬਾਲਟੀ

(C) ਗਲਾਸ (D) ਕੌਲੀ

(iv) ਵਾਰਸ਼ ਸ਼ਾਹ ਨੂੰ ਕਿਹੜੀ ਕਿਤਾਬ ਦਾ ਅਗਲਾ ਵਰਕਾ ਫੋਲਣ ਲਈ ਕਿਹਾ ਗਿਆ ?

(A) ਰਾਜਨੀਤੀ ਦੀ (B) ਧਰਮ ਦੀ

(C) ਕਿਤਾਬੇ-ਇਸ਼ਕ (D) ਹਕੂਮਤ ਦੀ

**ਕਹਾਣੀਆਂ ਵਿੱਚੋਂ :**

**8.** ਜੀਤੋ ਦੇ ਵੀਰ ਦੇ ਸੁਭਾਅ ਬਾਰੇ 125 ਤੋਂ 150 ਸ਼ਬਦਾਂ ਵਿੱਚ ਆਪਣੇ ਵਿਚਾਰ ਦਿਉ । *6*

**ਜਾਂ (OR)**

'ਨੀਲੀ' ਕਹਾਣੀ ਦੇ ਲੇਖਕ ਦੀ ਪਤਨੀ ਦਾ ਪਾਤਰ-ਚਿਤਰਨ ਕਰੋ । ਉੱਤਰ ਦੀ ਪੁਸ਼ਟੀ 125 ਤੋਂ 150 ਸ਼ਬਦਾਂ ਵਿੱਚ ਕਰੋ ।

**9.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *5×1=5*

(i) ਲੇਖਕ ਦੀ ਪਤਨੀ ਅਨੁਸਾਰ ਵੱਛੀ ਕਿਸ ਦੇ ਲਾਲਚ ਕਰਕੇ ਮਰੀ ਸੀ ?

(A) ਨੀਲੀ ਦੇ (B) ਗਵਾਲੇ ਦੇ

(C) ਪਤਨੀ ਦੇ (D) ਗਵਾਲਣ ਦੇ

(ii) ਕਹਾਣੀਕਾਰ ਦੀ ਪਤਨੀ ਕਿੱਥੋਂ ਆਈ ਸੀ ?

(A) ਬਜਾਰੋਂ (B) ਪਾਰਲਰ ਤੋਂ

(C) ਸਬਜੀ ਮੰਡੀ ਤੋਂ (D) ਮੰਦਰੋਂ

(iii) ਜੀਤੋ ਦੇ ਘਰ ਪਿਛਲੇ ਕਿੰਨੇ ਸਾਲਾਂ ਤੋਂ ਮੁੰਡੇ ਦਾ ਵਿਆਹ ਨਹੀਂ ਹੋਇਆ ਸੀ ?

(A) ਵੀਹ ਸਾਲਾਂ ਤੋਂ (B) ਪੈਂਤੀ ਸਾਲਾਂ ਤੋਂ

(C) ਅਠਾਈ ਸਾਲਾਂ ਤੋਂ (D) ਚਾਲ਼ੀ ਸਾਲਾਂ ਤੋਂ

(iv) ਬੁੱਢੀ ਪਿੰਡ ਵਿੱਚ ਕਿੱਥੇ ਰਹਿੰਦੀ ਸੀ ?

(A) ਕੁਟੀਆ ਵਿੱਚ (B) ਝੁੱਗੀ ਵਿੱਚ

(C) ਆਸ਼ਰਮ ਵਿੱਚ (D) ਘਰ ਵਿੱਚ

(v) 'ਨੀਲੀਂ' ਕਿਸ ਦੇ ਮਰਨ ਕਰਕੇ ਦੁਖੀ ਤੇ ਉਦਾਸ ਸੀ ?

(A) ਵੱਛੇ ਦੇ (B) ਪੜੋਸੀ ਦੇ

(C) ਵੱਛੀ ਦੇ (D) ਮੱਝ ਦੇ

**10.** ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ **ਚਾਰ** ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ : *4×2=8*

(i) ਲੇਖਕ ਦੀ ਪਤਨੀ ਨੇ 'ਨੀਲੀ' ਨੂੰ ਹੀ ਕਿਉਂ ਪਸੰਦ ਕੀਤਾ ਸੀ ?

(ii) ਲੇਖਕ ਦੇ ਰਿਕਸ਼ੇ ਵਾਲੇ ਬਾਰੇ ਕੀ ਵਿਚਾਰ ਸਨ ?

(iii) ਜੀਤੋ ਦੇ ਵੀਰ ਦੀ ਵਿਆਹ ਦੇ ਘਮਸਾਣ ਵਿੱਚ ਮੱਤ ਕਿਉਂ ਮਾਰੀ ਗਈ ?

(iv) ਪ੍ਰੋਫੈਸਰ, ਲਾਲ ਚੀਰੇ ਵਾਲੇ ਸਾਈਕਲ ਸਵਾਰ ਬਾਰੇ ਪਹਿਲਾ ਅਤੇ ਬਾਅਦ ਵਿੱਚ ਕੀ ਸੋਚਦਾ ਹੈ ?

(v) 'ਨੀਲੀ' ਦੀ ਵੱਛੀ ਕਿਵੇਂ ਮਰ ਗਈ ਸੀ ?

**ਪੰਜਾਬੀ ਸਭਿਆਚਾਰ ਦੀ ਜਾਣ-ਪਛਾਣ**

**11.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *5×1=5*

(i) ਰਸਮ ਰਿਵਾਜਾਂ ਦਾ ਅਸਲੀ ਰੂਪ ਕਦੋਂ ਸਾਹਮਣੇ ਆਉਂਦਾ ਹੈ ?
- (A) ਖੇਡਣ ਸਮੇਂ
- (B) ਪੜ੍ਹਨ ਸਮੇਂ
- (C) ਜਨਮ, ਵਿਆਹ ਤੇ ਮਰਨ ਸਮੇਂ
- (D) ਮੇਲਿਆਂ ਦੇ ਸਮੇਂ

(ii) ਪੰਜਾਬ ਦੇ ਲੋਕ-ਨਾਚ ਕਿਸ ਪ੍ਰਕਾਰ ਦੀ ਕਲਾ ਹਨ ?
- (A) ਕੋਮਲ ਕਲਾ
- (B) ਲੋਕ-ਕਲਾ
- (C) ਕਹਾਣੀ ਕਲਾ
- (D) ਲੇਖਨ ਕਲਾ

(iii) ਛਟੀ ਦੀ ਰਸਮ ਜਣੇਪੇ ਤੋਂ ਕਿੰਨੇ ਦਿਨ ਮਗਰੋਂ ਹੁੰਦੀ ਹੈ ?
- (A) ਤੀਜੇ ਦਿਨ
- (B) ਪੰਜਵੇਂ ਦਿਨ
- (C) ਛੇਵੇਂ ਦਿਨ
- (D) ਸਤਵੇਂ ਦਿਨ

(iv) ਪਤੀ ਦੀ ਲੰਮੀ ਉਮਰ ਲਈ ਇਸਤਰੀਆਂ ਕਿਹੜਾ ਵਰਤ ਰੱਖਦੀਆਂ ਹਨ ?
- (A) ਕਰਵਾ ਚੌਥ ਦਾ
- (B) ਸਾਵਨ ਦਾ
- (C) ਇਕਾਦਸ਼ੀ ਦਾ
- (D) ਅਹੋਈ ਮਾਤਾ ਦਾ

(v) ਪੇਂਡੂ ਲੋਕਾਂ ਦੇ ਮਨੋਰੰਜਨ ਦਾ ਪ੍ਰਮੁੱਖ ਸਾਧਨ ਕੀ ਰਿਹਾ ਹੈ ?
- (A) ਕੰਪਿਊਟਰ ਗੇਮਾਂ
- (B) ਲੋਕ-ਖੇਡਾਂ
- (C) ਰੇਡੀਓ ਪ੍ਰੋਗਰਾਮ
- (D) ਟੀ.ਵੀ. ਪ੍ਰੋਗਰਾਮ

**12.** ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ **ਦੋ** ਪ੍ਰਸ਼ਨਾਂ ਦੇ ਉੱਤਰ 70 ਤੋਂ 80 ਸ਼ਬਦਾਂ ਵਿੱਚ ਲਿਖੋ : *2×4=8*

(i) ਲੋਕ-ਖੇਡਾਂ ਮਨੁੱਖ ਨੂੰ ਕਿਹੜੀਆਂ-ਕਿਹੜੀਆਂ ਭਾਵਨਾਵਾਂ ਪ੍ਰਦਾਨ ਕਰਦੀਆਂ ਹਨ ?

(ii) ਗੁੜ੍ਹਤੀ ਦੀ ਰਸਮ ਮਹੱਤਵਪੂਰਨ ਕਿਉਂ ਮੰਨੀ ਜਾਂਦੀ ਹੈ ?

(iii) ਗੁਰੂ ਸਾਹਿਬਾਂ ਦੀ ਸਿਮਰਤੀ ਵਿੱਚ ਕਿਹੜੇ-ਕਿਹੜੇ ਮੇਲੇ ਲੱਗਦੇ ਹਨ ? ਕਿਸੇ ਇੱਕ ਬਾਰੇ ਜਾਣਕਾਰੀ ਦਿਉ ।